**ਪ੍ਰਧਾਨ ਮੰਤਰੀ ਦੀ ਮਾਰੀਸ਼ਸ ਯਾਤਰਾ (11-12 ਮਾਰਚ, 2025)**

07 ਮਾਰਚ, 2025

ਮਾਰੀਸ਼ਸ ਦੇ ਪ੍ਰਧਾਨ ਮੰਤਰੀ ਡਾ. ਨਵੀਨਚੰਦ੍ਰ ਰਾਮਗੁਲਾਮ ਦੇ ਸੱਦੇ 'ਤੇ, ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਮਾਰੀਸ਼ਸ ਦੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ 12 ਮਾਰਚ ਨੂੰ ਮੁੱਖ ਮਹਿਮਾਨ ਵਜੋਂ ਹਿੱਸਾ ਲੈਣ ਲਈ, 11 ਤੋਂ 12 ਮਾਰਚ, 2025 ਤੱਕ ਮਾਰੀਸ਼ਸ ਦੀ ਰਾਜਕੀ ਯਾਤਰਾ 'ਤੇ ਜਾਣਗੇ। ਭਾਰਤੀ ਰੱਖਿਆ ਬਲਾਂ ਦਾ ਇੱਕ ਦਲ ਭਾਰਤੀ ਜਲ ਸੈਨਾ ਦੇ ਇੱਕ ਜਹਾਜ਼ ਦੇ ਨਾਲ ਸਮਾਰੋਹ ਵਿੱਚ ਹਿੱਸਾ ਲਵੇਗਾ। ਪ੍ਰਧਾਨ ਮੰਤਰੀ ਪਿਛਲੀ ਵਾਰ 2015 ਵਿੱਚ ਮਾਰੀਸ਼ਸ ਦੀ ਯਾਤਰਾ 'ਤੇ ਗਏ ਸੀ।

2. ਇਸ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਮਾਰੀਸ਼ਸ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ, ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨਗੇ ਅਤੇ ਮਾਰੀਸ਼ਸ ਵਿੱਚ ਸੀਨੀਅਰ ਮਾਣਯੋਗ ਹਸਤੀਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਨਾਲ ਬੈਠਕ ਕਰਨਗੇ। ਪ੍ਰਧਾਨ ਮੰਤਰੀ ਭਾਰਤੀ ਮੂਲ ਦੇ ਸਮੁਦਾਇ ਦੇ ਸਦੱਸਾਂ ਨਾਲ ਗੱਲਬਾਤ ਕਰਨਗੇ ਅਤੇ ਭਾਰਤ ਦੀ ਅਨੁਦਾਨ ਸਹਾਇਤਾ ਨਾਲ ਬਣੇ ਸਿਵਲ ਸਰਵਿਸ ਕਾਲਜ ਅਤੇ ਖੇਤਰ ਸਿਹਤ ਕੇਂਦਰ ਦਾ ਉਦਘਾਟਨ ਕਰਨਗੇ। ਇਸ ਯਾਤਰਾ ਦੌਰਾਨ ਕਈ ਸਮਝੌਤਾ-ਪੱਤਰਾਂ (MoUs) ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ।

3. ਭਾਰਤ ਅਤੇ ਮਾਰੀਸ਼ਸ ਸਾਂਝੇ ਇਤਿਹਾਸਕ, ਸੱਭਿਆਚਾਰਕ ਅਤੇ ਲੋਕਾਂ ਵਿਚਕਾਰ ਦੇ ਆਪਸੀ ਰਿਸ਼ਤਿਆਂ ਵਿੱਚ ਇੱਕ ਨੇੜਲੇ ਅਤੇ ਵਿਸ਼ੇਸ਼ ਸਬੰਧ ਸਾਂਝੇ ਕਰਦੇ ਹਨ। ਇਸ ਤੋਂ ਇਲਾਵਾ, ਮਾਰੀਸ਼ਸ ਭਾਰਤ ਦੇ ਵਿਜ਼ਨ ਸਾਗਰ, ਜੋ ਕਿ ਖੇਤਰ ਵਿੱਚ ਸਾਰਿਆਂ ਲਈ ਸੁਰੱਖਿਆ ਅਤੇ ਵਿਕਾਸ ਹੈ, ਦਾ ਇੱਕ ਮਹੱਤਵਪੂਰਨ ਹਿੱਸਾ ਬਣਦਾ ਹੈ।

4. ਇਸ ਯਾਤਰਾ ਨਾਲ ਭਾਰਤ ਅਤੇ ਮਾਰੀਸ਼ਸ ਵਿਚਕਾਰ ਮਜ਼ਬੂਤ ਅਤੇ ਸਥਾਈ ਸਬੰਧਾਂ ਦੀ ਪੁਸ਼ਟੀ ਹੋਵੇਗੀ ਅਤੇ ਸਾਰੇ ਸੈਕਟਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਵਧਾਉਣ ਲਈ ਦੋਵੇਂ ਦੇਸ਼ਾਂ ਦੀ ਸਾਂਝੀ ਪ੍ਰਤੀਬੱਧਤਾ ਨੂੰ ਮਜ਼ਬੂਤੀ ਮਿਲੇਗੀ।

ਨਵੀਂ ਦਿੱਲੀ

07 ਮਾਰਚ, 2025